# ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਲਈ ਤਿਆਰ ਹੋਵੋ



ELECTORAL COMMISSION
TE KAITIAKI TAKE KŌWHIRI

ROE47 A4 Punjabi 07/2024

## ਵੋਟ ਪਾਉਣ ਲਈ ਨਾਮ ਕਿਉਂ ਦਰਜ ਕਰਵਾਈਏ?

ਜੇ ਤੁਸੀਂ ਵੋਟ ਪਾਉਣ ਲਈ ਨਾਮ ਦਰਜ ਕਰਵਾਇਆ ਹੈ, ਤਾਂ ਤੁਹਾਨੂੰ ਆਮ ਚੋਣਾਂ, ਸਥਾਨਕ ਚੋਣਾਂ ਅਤੇ ਜਨਮਤ-ਸੰਗ੍ਰਿਹਾਂ ਵਿੱਚ ਆਪਣੀ ਰਾਇ ਪ੍ਰਗਟ ਕਰਨ ਦਾ ਮੌਕਾ ਮਿਲਦਾ ਹੈ। ਚੋਣਾਂ ਤੁਹਾਡੇ ਲਈ ਇਸ ਬਾਰੇ ਆਪਣੀ ਗੱਲ ਕਹਿਣ ਦਾ ਮੌਕਾ ਹੁੰਦੀਆਂ ਹਨ ਕਿ ਜਿਹੜੇ ਮਸਲਿਆਂ ਦੀ ਤੁਸੀਂ ਪਰਵਾਹ ਕਰਦੇ ਹੋ ਉਹਨਾਂ ਬਾਬਤ ਪਾਰਲੀਮੈਂਟ ਜਾਂ ਤੁਹਾਡੀ ਸਥਾਨਕ ਕਾਊਂਸਲ ਵਿੱਚ ਤੁਹਾਡੀ ਨੁਮਾਇੰਦਗੀ ਕੌਣ ਕਰਦਾ ਹੈ।

**ਵੋਟ ਪਾਉਣ ਲਈ ਨਾਮ ਦਰਜ ਕਰਵਾ ਕੇ ਤੁਸੀਂ ਇਹ ਯਕੀਨੀ ਬਣਾ ਸਕਦੇ ਹੋ ਕਿ ਤੁਹਾਡੀ ਆਵਾਜ਼ ਸੁਣੀ ਜਾਂਦੀ ਹੈ।**

## ਵੋਟ ਪਾਉਣ ਲਈ ਕੌਣ ਨਾਮ ਦਰਜ ਕਰਵਾ ਸਕਦਾ ਹੈ?

ਤੁਹਾਡੇ ਲਈ ਨਾਮ ਦਰਜ ਕਰਾਉਣਾ ਜ਼ਰੂਰੀ ਹੈ ਜੇ ਤੁਸੀਂ:

- **18 ਸਾਲਾਂ ਜਾਂ ਇਸ ਤੋਂ ਵੱਡੀ ਉਮਰ ਦੇ ਹੋ, ਅਤੇ**
- **ਨਿਊਜ਼ੀਲੈਂਡ ਦੇ ਨਾਗਰਿਕ ਹੋ ਜਾਂ ਨਿਊਜ਼ੀਲੈਂਡ ਦੇ ਪੱਕੇ ਵਸਨੀਕ ਹੋ, ਅਤੇ**
- **ਆਪਣੇ ਜੀਵਨ ਦੇ ਕਿਸੇ ਸਮੇਂ 'ਤੇ ਲਗਾਤਾਰ ਇੱਕ ਸਾਲ ਤੋਂ ਵੱਧ ਸਮੇਂ ਲਈ ਨਿਊਜ਼ੀਲੈਂਡ ਵਿੱਚ ਰਹੇ ਹੋ।**

ਜੇ ਤੁਸੀਂ ਆਸਟਰੇਲੀਅਨ, ਕੁੱਕ ਆਈਲੈਂਡ ਨਿਵਾਸੀ, ਨਿਊਈਅਨ ਜਾਂ ਟੋਕਲਾਉਆਨ ਹੋ, ਤਾਂ ਤੁਸੀਂ ਨਾਮ ਦਰਜ ਕਰਵਾ ਸਕਦੇ ਹੋ ਜੇ ਤੁਸੀਂ ਨਿਊਜ਼ੀਲੈਂਡ ਵਿੱਚ ਲਗਾਤਾਰ 12 ਮਹੀਨੇ ਰਹੇ ਹੋ।

ਜੇ ਤੁਸੀਂ ਵਿਦੇਸ਼ ਵਿੱਚ ਰਹਿੰਦੇ ਹੋ, ਤਾਂ ਤੁਸੀਂ ਵੋਟ ਪਾਉਣ ਲਈ ਨਾਮ ਦਰਜ ਕਰਵਾ ਸਕਦੇ ਹੋ ਜੇ ਤੁਸੀਂ:

- **ਨਿਊਜ਼ੀਲੈਂਡ ਦੇ ਨਾਗਰਿਕ ਹੋ ਜੋ ਪਿਛਲੇ ਤਿੰਨ ਸਾਲਾਂ ਵਿੱਚ ਨਿਊਜ਼ੀਲੈਂਡ ਵਿੱਚ ਰਿਹਾ ਹੈ, ਜਾਂ**
- **ਨਿਊਜ਼ੀਲੈਂਡ ਦੇ ਪੱਕੇ ਨਿਵਾਸੀ ਹੋ ਜੋ ਪਿਛਲੇ 12 ਮਹੀਨਿਆਂ ਵਿੱਚ ਨਿਊਜ਼ੀਲੈਂਡ ਵਿੱਚ ਰਿਹਾ ਹੈ।**

ਚੋਣਾਂ ਦੇ ਮਕਸਦਾਂ ਵਾਸਤੇ, ਪੱਕਾ ਵਸਨੀਕ ਉਹ ਵਿਅਕਤੀ ਹੁੰਦਾ ਹੈ ਜੋ ਨਿਊਜ਼ੀਲੈਂਡ ਵਿੱਚ ਕਨੂੰਨੀ ਤੌਰ 'ਤੇ ਹੈ ਅਤੇ ਜਿਸ ਨੂੰ ਕਿਸੇ ਨਿਸ਼ਚਿਤ ਸਮੇਂ ਦੇ ਅੰਦਰ ਚਲੇ ਜਾਣ ਦੀ ਲੋੜ ਨਹੀਂ ਹੈ। ਇਸ ਵਿੱਚ ਕੋਈ ਅਜਿਹਾ ਵਿਅਕਤੀ ਵੀ ਸ਼ਾਮਲ ਹੈ ਜੋ ਰੈਜੀਡੈਂਟ ਵੀਜ਼ੇ 'ਤੇ ਹੈ।

ਤੁਸੀਂ 17 ਸਾਲ ਦੇ ਹੋ ਜਾਣ 'ਤੇ ਨਾਮ ਦਰਜ ਕਰਵਾ ਸਕਦੇ ਹੋ। ਜਦ ਤੁਹਾਡੀ ਉਮਰ 18 ਸਾਲ ਹੋ ਜਾਂਦੀ ਹੈ ਤਾਂ ਤੁਹਾਡਾ ਨਾਮ ਆਪਣੇ ਆਪ ਹੀ ਦਰਜ ਕਰ ਲਿਆ ਜਾਵੇਗਾ ਅਤੇ ਤੁਸੀਂ ਵੋਟ ਪਾਉਣ ਲਈ ਤਿਆਰ ਹੋਵੋਗੇ।

## ਜੇ ਤੁਸੀਂ ਮਾਓਰੀ ਹੋ ਤਾਂ ਵੋਟ ਪਾਉਣ ਲਈ ਨਾਮ ਦਰਜ ਕਰਾਉਣਾ

ਜੇ ਤੁਸੀਂ ਮਾਓਰੀ ਮੂਲ ਦੇ ਹੋ ਅਤੇ ਪਹਿਲੀ ਵਾਰ ਨਾਮ ਦਰਜ ਕਰਾ ਰਹੇ ਹੋ, ਤਾਂ ਤੁਸੀਂ ਚੋਣ ਕਰਦੇ ਹੋ ਕਿ ਤੁਸੀਂ ਕਿਹੜੀ ਵੋਟਰ ਸੂਚੀ (electoral roll) ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ: ਆਮ ਸੂਚੀ ਜਾਂ ਮਾਓਰੀ ਸੂਚੀ।

ਜੇ ਤੁਸੀਂ ਪਹਿਲਾਂ ਹੀ ਨਾਮ ਦਰਜ ਕਰਵਾ ਚੁੱਕੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਉਸ ਸੂਚੀ ਨੂੰ ਬਦਲ ਸਕਦੇ ਹੋ ਜਿਸ 'ਤੇ ਤੁਹਾਡਾ ਨਾਮ ਹੈ, ਸਿਵਾਏ:

- ਕਿਸੇ ਆਮ ਚੋਣ ਜਾਂ ਸਥਾਨਕ ਚੋਣ ਤੋਂ ਪਹਿਲੇ 3 ਮਹੀਨਿਆਂ ਵਿੱਚ
- ਕਿਸੇ ਪਾਰਲੀਮੈਂਟਰੀ ਉਪ-ਚੋਣ ਤੋਂ ਪਹਿਲਾਂ ਜੇ ਤਬਦੀਲੀ ਤੁਹਾਨੂੰ ਉਸ ਚੋਣ-ਖੇਤਰ ਵਿੱਚ ਭੇਜ ਦੇਵੇਗੀ ਜਿੱਥੇ ਉਪ-ਚੋਣ ਕਰਵਾਈ ਜਾ ਰਹੀ ਹੈ।

**ਤੁਹਾਡੀ ਸੂਚੀ ਦੀ ਚੋਣ ਦਾ ਤੁਹਾਡੇ ਲਈ ਕੀ ਮਤਲਬ ਹੈ?**

ਤੁਹਾਡੀ ਚੋਣ ਇਸ ਗੱਲ ਨੂੰ ਪ੍ਰਭਾਵਿਤ ਕਰਦੀ ਹੈ ਕਿ ਤੁਸੀਂ ਕਿਸ ਚੋਣ-ਖੇਤਰ ਵਿੱਚ ਵੋਟ ਪਾ ਸਕਦੇ ਹੋ ਅਤੇ ਆਮ ਚੋਣਾਂ ਅਤੇ ਸਥਾਨਕ ਚੋਣਾਂ ਵਿੱਚ ਕਿਸਨੂੰ ਵੋਟ ਪਾ ਸਕਦੇ ਹੋ।

ਜੇ ਤੁਸੀਂ ਆਮ ਸੂਚੀ ਦੀ ਚੋਣ ਕਰਦੇ ਹੋ, ਤਾਂ ਤੁਸੀਂ ਕਿਸੇ ਆਮ ਚੋਣਾਂ ਦੌਰਾਨ ਆਮ ਚੋਣ-ਖੇਤਰ ਵਿਚਲੇ ਉਮੀਦਵਾਰ ਨੂੰ ਵੋਟ ਪਾਓਗੇ। ਜੇ ਤੁਸੀਂ ਮਾਓਰੀ ਲੋਕਾਂ ਲਈ ਸੂਚੀ ਦੀ ਚੋਣ ਕਰਦੇ ਹੋ ਤਾਂ ਤੁਸੀਂ ਕਿਸੇ ਮਾਓਰੀ ਹਲਕੇ ਵਿਚਲੇ ਉਮੀਦਵਾਰ ਨੂੰ ਵੋਟ ਪਾਓਗੇ।

ਭਾਵੇਂ ਤੁਸੀਂ ਕਿਸੇ ਵੀ ਸੂਚੀ 'ਤੇ ਹੋ, ਤੁਸੀਂ ਆਮ ਚੋਣਾਂ ਵਿੱਚ ਰਾਜਨੀਤਕ ਪਾਰਟੀਆਂ ਦੀ ਉਸੇ ਸੂਚੀ ਨੂੰ ਵੋਟ ਪਾ ਸਕਦੇ ਹੋ।

ਜਿਸ ਸੂਚੀ ਦੀ ਤੁਸੀਂ ਚੋਣ ਕਰਦੇ ਹੋ ਉਹ ਇਸ ਗੱਲ ਨੂੰ ਪ੍ਰਭਾਵਿਤ ਕਰ ਸਕਦਾ ਹੈ ਕਿ ਸਥਾਨਕ ਚੋਣਾਂ ਵਿੱਚ ਤੁਸੀਂ ਕਿਸਨੂੰ ਵੋਟ ਪਾ ਸਕਦੇ ਹੋ। ਜੇ ਤੁਸੀਂ ਮਾਓਰੀ ਸੂਚੀ ਦੀ ਚੋਣ ਕਰਦੇ ਹੋ, ਅਤੇ ਤੁਹਾਡੀ ਸਥਾਨਕ ਕਾਊਂਸਲ ਵਿੱਚ ਮਾਓਰੀ ਵਾਰਡ ਜਾਂ ਹਲਕਾ ਹੈ, ਤਾਂ ਤੁਸੀਂ ਮਾਓਰੀ ਵਾਰਡ ਜਾਂ ਹਲਕੇ ਵਿਚਲੇ ਉਮੀਦਵਾਰਾਂ ਨੂੰ ਵੋਟ ਪਾਓਗੇ। ਜੇ ਤੁਸੀਂ ਆਮ ਸੂਚੀ ਦੀ ਚੋਣ ਕਰਦੇ ਹੋ, ਤਾਂ ਤੁਸੀਂ ਆਮ ਵਾਰਡ ਜਾਂ ਹਲਕੇ ਵਿਚਲੇ ਉਮੀਦਵਾਰਾਂ ਨੂੰ ਵੋਟ ਪਾਓਗੇ।

## ਕੀ ਤੁਸੀਂ ਆਪਣੀ ਨਿੱਜੀ ਸੁਰੱਖਿਆ ਨੂੰ ਲੈਕੇ ਚਿੰਤਤ ਹੋ?

ਜੇ ਤੁਸੀਂ ਆਪਣੀ ਨਿੱਜੀ ਜਾਂ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈਕੇ ਚਿੰਤਤ ਹੋ, ਤਾਂ ਤੁਸੀਂ ਗੁਪਤ ਅਣਪ੍ਰਕਾਸ਼ਿਤ ਸੂਚੀ ਵਿੱਚ ਨਾਮ ਦਰਜ ਕਰਾਉਣ ਲਈ ਅਰਜ਼ੀ ਦੇ ਸਕਦੇ ਹੋ। ਅਸੀਂ ਤੁਹਾਡੇ ਦਾਖਲੇ ਦੇ ਵੇਰਵੇ ਸੁਰੱਖਿਅਤ ਰੱਖਾਂਗੇ ਅਤੇ ਅਸੀਂ ਇਹ ਕਿਸੇ ਨੂੰ ਨਹੀਂ ਦੇਵਾਂਗੇ।

ਵਧੇਰੇ ਜਾਣਕਾਰੀ ਵਾਸਤੇ ਅਤੇ ਅਰਜ਼ੀ ਫਾਰਮ ਲਈ **vote.nz** 'ਤੇ ਜਾਓ ਜਾਂ **0800 36 76 56** 'ਤੇ ਕਾਲ ਕਰੋ।

## ਮੈਂ ਆਪਣਾ ਨਾਮ ਕਿਵੇਂ ਦਰਜ ਕਰਾਵਾਂ?

ਨਾਮ ਦਰਜ ਕਰਾਉਣਾ ਜਾਂ ਆਪਣੇ ਵੇਰਵੇ ਅੱਪਡੇਟ ਕਰਨਾ ਆਸਾਨ ਹੈ। ਤੁਸੀਂ:

- ਔਨਲਾਈਨ ਨਾਮ ਦਰਜ ਕਰਾਉਣ ਲਈ **vote.nz** 'ਤੇ ਜਾ ਕੇ ਆਪਣੇ ਨਿਊਜ਼ੀਲੈਂਡ ਦੇ ਡ੍ਰਾਈਵਿੰਗ ਲਾਇਸੈਂਸ, ਨਿਊਜ਼ੀਲੈਂਡ ਪਾਸਪੋਰਟ ਜਾਂ RealMe ਤਸਦੀਕਸ਼ੁਦਾ ਪਛਾਣ ਦੀ ਵਰਤੋਂ ਕਰ ਸਕਦੇ ਹੋ
- **0800 36 76 56** 'ਤੇ ਕਾਲ ਕਰਕੇ ਤੁਹਾਨੂੰ ਇੱਕ ਫਾਰਮ ਭੇਜੇ ਜਾਣ ਦੀ ਬੇਨਤੀ ਕਰ ਸਕਦੇ ਹੋ

ਜਦ ਤੁਹਾਡਾ ਨਾਮ ਦਰਜ ਹੋ ਜਾਂਦਾ ਹੈ, ਤਾਂ ਤੁਹਾਡਾ ਨਾਮ ਵੋਟਰ ਸੂਚੀ 'ਤੇ ਚਲਾ ਜਾਵੇਗਾ। ਵੋਟ ਪਾਉਣ ਲਈ ਤੁਹਾਡਾ ਨਾਮ ਵੋਟਰ ਸੂਚੀ 'ਤੇ ਹੋਣਾ ਲਾਜ਼ਮੀ ਹੈ।

ਹਰ ਵਾਰ ਜਦ ਵੀ ਤੁਸੀਂ ਆਪਣਾ ਮਕਾਨ ਬਦਲਦੇ ਹੋ ਤਾਂ ਤੁਹਾਨੂੰ ਆਪਣੇ ਵੇਰਵੇ ਅੱਪਡੇਟ ਕਰਨ ਦੀ ਲੋੜ ਹੁੰਦੀ ਹੈ।

## ਕੀ ਤੁਹਾਨੂੰ ਨਾਮ ਦਰਜ ਕਰਵਾਉਣ ਵਿੱਚ ਮਦਦ ਚਾਹੀਦੀ ਹੈ?

ਤੁਸੀਂ ਆਪਣੇ ਕਿਸੇ ਜਾਣਕਾਰ, ਜਿਵੇਂ ਕਿ ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਦਾਖਲਾ ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰਨ, ਜਾਂ ਤੁਹਾਡੇ ਲਈ ਤੁਹਾਡਾ ਫਾਰਮ ਭਰਨ ਲਈ ਕਹਿ ਸਕਦੇ ਹੋ।

ਤੁਹਾਨੂੰ ਫਾਰਮ 'ਤੇ ਦਸਤਖਤ ਕਰਨ ਦੀ ਲੋੜ ਹੁੰਦੀ ਹੈ।

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਕਿਸੇ ਸਰੀਰਕ ਜਾਂ ਮਾਨਸਿਕ ਵਿਕਾਰ ਕਰਕੇ ਆਪਣਾ ਦਾਖਲਾ ਫਾਰਮ ਖੁਦ ਨਹੀਂ ਭਰ ਸਕਦਾ ਅਤੇ ਦਸਤਖਤ ਨਹੀਂ ਕਰ ਸਕਦਾ, ਤਾਂ ਤੁਸੀਂ ਸ਼ਾਇਦ ਮਦਦ ਕਰ ਸਕਦੇ ਹੋ।

## ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?

ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਹੋਰ ਜਾਣਕਾਰੀ ਵਾਸਤੇ:

- ਦੇਖੋ: **vote.nz**
- ਕਾਲ ਕਰੋ: **0800 36 76 56**

ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਜਾਣਕਾਰੀ **vote.nz** 'ਤੇ ਕਈ ਭਾਸ਼ਾਵਾਂ ਵਿੱਚ ਅਤੇ ਵਿਕਲਪਕ ਵੰਨਗੀਆਂ (ਫਾਰਮੈਟਾਂ) ਵਿੱਚ ਵੀ ਉਪਲਬਧ ਹੈ।